# ਸਿਟੀ ਕੌਲਿਜ ਬਰਮਿੰਘਮ, ਨੀਤੀਆਂ ਅਤੇ ਸੇਧਾਂ

ਕੌਲਿਜ ਨੇ ਕਈ ਨਿਯਮ, ਤਰੀਕੇ ਅਤੇ ਨੀਤੀਆਂ ਬਣਾਈਆਂ ਹੋਈਆਂ ਹਨ ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਸਾਰੇ ਵਿਦਿਆਰਥੀ ਚੰਗੀ ਪੜ੍ਹਾਈ ਕਰਨ, ਕੌਲਿਜ ਵਿੱਚ ਖ਼ੁਸ਼ ਰਹਿਣ ਅਤੇ ਸਫ਼ਲਤਾ ਦੇ ਸਾਰੇ ਮੌਕੇ ਹਾਸਲ ਕਰਨ। ਵਿਦਿਆਰਥੀਆਂ ਉੱਤੇ ਲਾਗੂ ਹੋਣ ਵਾਲੇ ਇਨ੍ਹਾਂ ਸਾਰੇ ਨਿਯਮਾਂ ਅਤੇ ਨੀਤੀਆਂ ਦਾ ਇਹ ਇੱਕ ਸੰਖੇਪ ਰੂਪ ਹੈ, ਪਰ ਜੇ ਤੁਸੀਂ ਇਨ੍ਹਾਂ ਨੂੰ ਵੇਰਵੇ ਸਹਿਤ ਦੇਖਣਾ ਚਾਹੁੰਦੇ ਹੋ ਤਾਂ ਸਾਨੂੰ ਪੁੱਛੋ।

- **ਸਾਡਾ ਅਧਿਕਾਰ ਪੱਤਰ (Our Charter)**
  ਸਾਡੇ ਅਧਿਕਾਰ ਪੱਤਰ ਵਿੱਚ ਸਾਡੇ ਵਿਦਿਆਰਥੀਆਂ, ਮਾਲਕਾਂ, ਸਥਾਨਕ ਭਾਈਚਾਰਿਆਂ ਦੇ ਮੈਂਬਰਾਂ ਅਤੇ ਸਾਡੀਆਂ ਭਾਈਵਾਲ ਸੰਸਥਾਵਾਂ ਦੇ ਅਧਿਕਾਰਾਂ ਬਾਰੇ ਦੱਸਿਆ ਗਿਆ ਹੈ ਕਿ ਉਹ ਸਾਡੇ ਕੌਲਿਜ ਤੋਂ ਕੀ ਉਮੀਦ ਕਰ ਸਕਦੇ ਹਨ। ਇਸ ਵਿੱਚ ਦੱਸਿਆ ਗਿਆ ਹੈ ਕਿ ਇਨ੍ਹਾਂ ਸੇਵਾਵਾਂ ਵਾਸਤੇ ਅਸੀਂ ਦੂਸਰੇ ਮੁਲਕਾਂ ਵਿੱਚ ਕਿਹੜੇ ਕਿਹੜੇ ਦਰਜੇ ਕਾਇਮ ਕੀਤੇ ਹੋਏ ਹਨ।

- **ਬਰਾਬਰੀ ਦੇ ਮੌਕਿਆਂ ਬਾਰੇ ਨੀਤੀ (Equal Opportunities Policy)**
  ਅਸੀਂ ਸਾਰੇ ਭਾਈਚਾਰਿਆਂ ਦੇ ਲੋਕਾਂ ਨੂੰ ਆਪਣੇ ਕੌਲਿਜ ਵਿੱਚ ਜੀ ਆਇਆਂ ਨੂੰ ਕਹਿੰਦੇ ਹਾਂ। ਹਰ ਇੱਕ ਨੂੰ ਸਾਡੀਆਂ ਸੇਵਾਵਾਂ ਤੋਂ ਲਾਭ ਉਠਾਉਣ ਦਾ ਪੂਰਾ ਹੱਕ ਹੈ। ਕੌਲਿਜ ਵਿੱਚ ਹਰ ਇੱਕ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਦੂਸਰੇ ਲੋਕਾਂ ਦੀ ਇੱਜ਼ਤ ਕਰੇ ਅਤੇ ਕਿਸੇ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਅਤੇ ਉਸਨੂੰ ਪਰੇਸ਼ਾਨ ਕਰਨ ਤੋਂ ਪਰਹੇਜ਼ ਕਰੇ। ਤੁਹਾਡੇ ਲਿੰਗ, ਨਸਲ, ਧਰਮ, ਯੋਗਤਾ, ਕਾਮ ਵਾਸਨਾ, ਉਮਰ ਅਤੇ ਰਹਿਣੀ ਬਹਿਣੀ ਦੀ ਇੱਜ਼ਤ ਅਤੇ ਕਦਰ ਕੀਤੀ ਜਾਵੇਗੀ। ਅਸੀਂ ਹਰ ਤਰ੍ਹਾਂ ਦੇ ਵਿਤਕਰੇ ਦੀ ਵਿਰੋਧਤਾ ਕਰਦੇ ਹਾਂ, ਆਪਣੀਆਂ ਸੇਵਾਵਾਂ ਦੀ ਨਿਗਰਾਨੀ ਕਰਦੇ ਹਾਂ ਅਤੇ ਵੱਖੋ ਵੱਖਰੇ ਗਰੁੱਪਾਂ ਵਿਚਕਾਰ ਚੰਗੇ ਸੰਬੰਧਾਂ ਨੂੰ ਉਤਸ਼ਾਹ ਦਿੰਦੇ ਹਾਂ।

- **ਸਿਹਤ ਅਤੇ ਸੁਰੱਖਿਆ ਨੀਤੀ ਅਤੇ ਸੇਧਾਂ (Health and Safety Policy and Guidelines)**
  ਕਾਨੂੰਨੀ ਤੌਰ 'ਤੇ ਸਾਨੂੰ ਆਪਣੇ ਸਾਰੇ ਕਰਮਚਾਰੀਆਂ, ਵਿਦਿਆਰਥੀਆਂ, ਇੱਥੇ ਆਉਣ ਜਾਣ ਵਾਲਿਆਂ ਅਤੇ ਕੌਲਿਜ ਦੀਆਂ ਸਰਗਰਮੀਆਂ ਦੇ ਅਸਰ ਹੇਠ ਆਉਣ ਵਾਲੇ ਸਾਰੇ ਲੋਕਾਂ ਵਾਸਤੇ ਸੁਰੱਖਿਅਤ ਮਹੌਲ ਪੈਦਾ ਕਰਨਾ ਪੈਂਦਾ ਹੈ। ਅਸੀਂ ਸਿਹਤ, ਸੁਰੱਖਿਆ ਅਤੇ ਭਲਾਈ ਪੱਖੋਂ ਕਾਫ਼ੀ ਵਧੀਆ ਦਰਜੇ ਕਾਇਮ ਕੀਤੇ ਹੋਏ ਹਨ। ਅਸੀਂ ਹਰ ਇੱਕ ਤੋਂ ਸੁਰੱਖਿਅਤ ਤਰੀਕੇ ਨਾਲ ਵਰਤਾਓ ਕਰਨ ਦੀ ਉਮੀਦ ਰੱਖਦੇ ਹਾਂ ਅਤੇ ਚਾਹੁੰਦੇ ਹਾਂ ਕਿ ਉਹ ਅਜਿਹੇ ਕੋਈ ਕੰਮ ਨਾ ਕਰਨ ਜਿਨ੍ਹਾਂ ਕਾਰਨ ਉਨ੍ਹਾਂ ਨੂੰ ਜਾਂ ਦੂਸਰੇ ਲੋਕਾਂ ਨੂੰ ਕੋਈ ਖ਼ਤਰਾ ਪੇਸ਼ ਆਵੇ।

- **ਸਮਾਨ ਵਰਤਣ ਵਾਲਿਆਂ ਵਾਸਤੇ ਸਹਿਮਤਯੋਗ ਨੀਤੀ (The Acceptable User Policy)**
  ਸਾਡੀ ਸਹਿਮਤਯੋਗ ਨੀਤੀ ਅਧੀਨ ਕੁੱਝ ਅਜਿਹੇ ਅਸੂਲ ਹਨ ਜਿਨ੍ਹਾਂ ਅਨੁਸਾਰ ਅਸੀਂ ਚਾਹੁੰਦੇ ਹਾਂ ਕਿ ਕੌਲਿਜ ਵਿੱਚ ਕੰਪਿਊਟਰ ਵਰਤਣ ਵਾਲੇ ਚੰਗਾ ਵਰਤਾਓ ਕਰਨ।

- **ਨਿਰਯੋਗਤਾ ਬਾਰੇ ਕਥਨ (Disability Statement)**
  ਇਸ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਕੁੱਝ ਸਿਖਣ ਦੀਆਂ ਅਤੇ ਅਪਾਹਜਤਾ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਲਈ ਕਿਹੜੀਆਂ ਕਿਹੜੀਆਂ ਸਹੂਲਤਾਂ, ਸੇਵਾਵਾਂ ਅਤੇ ਹਿਮਾਇਤਾਂ ਹਾਸਲ ਹਨ। ਅਸੀਂ ਆਪਣੇ ਕੌਲਿਜ ਵਿੱਚ ਇੱਥੇ ਸਿੱਖਣ ਆਉਣ ਵਾਲੇ ਸਿਖਿਆਰਥੀਆਂ ਅਨੁਸਾਰ ਬਦਲਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਹਮੇਸ਼ਾਂ ਇਹ ਨਹੀਂ ਚਾਹੁੰਦੇ ਕਿ ਸਿੱਖਣ ਵਾਲੇ ਹੀ ਆਪਣੇ ਆਪ ਨੂੰ ਬਦਲਣ।

- **ਸੁਝਾਵਾਂ, ਫ਼ਿਕਰਾਂ ਅਤੇ ਸ਼ਿਕਾਇਤਾਂ ਸੁਣਨ ਬਾਰੇ ਸਾਡੇ ਤਰੀਕੇ**
  **(The Suggestions, Concerns and Complaints Procedure)**
  ਇਸ ਵਿੱਚ ਉਸ ਸਾਰੇ ਸਿਸਟਮ ਦਾ ਵੇਰਵਾ ਦਿੱਤਾ ਗਿਆ ਹੈ ਜਿਸ ਅਨੁਸਾਰ ਤੁਸੀਂ ਕੌਲਿਜ ਦੇ ਕਿਸੇ ਵੀ ਪੱਖ ਬਾਰੇ ਆਪਣੇ ਸੁਝਾਓ ਜਾਂ ਫ਼ਿਕਰ ਪ੍ਰਗਟ ਕਰ ਸਕਦੇ ਹੋ, ਅਤੇ ਸ਼ਿਕਾਇਤ ਕਰ ਸਕਦੇ ਹੋ।

- **ਸਾਡੇ ਨਿਯਮ (The Disciplinary Procedure)**
  ਜਦੋਂ ਤੁਸੀਂ ਕਿਸੇ ਕੋਰਸ ਵਾਸਤੇ ਸਾਡੇ ਕੌਲਿਜ ਵਿੱਚ ਦਾਖ਼ਲਾ ਲੈਂਦੇ ਹੋ ਤਾਂ ਤੁਸੀਂ ਇਸ ਬਿਆਨ ਉੱਤੇ ਦਸਖ਼ਤ ਕਰਦੇ ਹੋ ਕਿ ਤੁਸੀਂ ਨਿਯਮਾਂ ਦੀ ਪਾਲਣਾ ਕਰੋਗੇ। ਤੁਸੀਂ ਇਸ ਗੱਲ 'ਤੇ ਵੀ ਦਸਖ਼ਤ ਕਰਦੇ ਹੋ ਕਿ ਜੇ ਤੁਸੀਂ ਇਨ੍ਹਾਂ ਨਿਯਮਾਂ ਦੀ ਉਲੰਘਣਾ ਕੀਤੀ ਤਾਂ ਅਸੀਂ ਤੁਹਾਡੇ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰ ਸਕਦੇ ਹਾਂ। ਕਦੀ ਕਦੀ ਜਦੋਂ ਲੋਕ ਸਾਡੇ ਨਿਯਮਾਂ ਦੀ ਗੰਭੀਰ ਉਲੰਘਣਾ ਕਰਦੇ ਹਨ ਤਾਂ ਉਨ੍ਹਾਂ ਨੂੰ ਕੌਲਿਜ ਵਿੱਚੋਂ ਕੱਢਣਾ ਪੈਂਦਾ ਹੈ। ਤੁਹਾਨੂੰ ਥੋੜੀ ਦੇਰ ਲਈ ਜਾਂ ਹਮੇਸ਼ਾਂ ਲਈ ਵੀ ਕੱਢਿਆ ਜਾ ਸਕਦਾ ਹੈ।
  ਸਾਡੇ ਕੋਲ ਦੋ ਕਿਸਮਾਂ ਦੇ ਨਿਯਮ ਹਨ ਜਿਹੜੇ ਇਨ੍ਹਾਂ ਦਸਤਾਵੇਜ਼ਾਂ ਵਿੱਚ ਦੇਖੇ ਜਾ ਸਕਦੇ ਹਨ:
  'ਦ ਲਰਨਿੰਗ ਐਗਰੀਮੈਂਟ
  'ਦ ਕੌਲਿਜ ਕੋਡ

**'ਦ ਲਰਨਿੰਗ ਐਗਰੀਮੈਂਟ, ਭਾਵ ਸਿਖਲਾਈ ਦਾ ਇਕਰਾਰਨਾਮਾ (THE LEARNING AGREEMENT)**

ਜੇ ਤੁਸੀਂ ਕੌਲਿਜ ਵਿੱਚ ਪਹਿਲਾਂ ਹੀ ਦਾਖ਼ਲ ਹੋ ਤਾਂ ਤੁਸੀਂ ਕੌਲਿਜ ਦੇ ਇਨ੍ਹਾਂ ਰੂਲਾਂ ਉੱਤੇ ਪਹਿਲਾਂ ਹੀ ਦਸਖ਼ਤ ਕੀਤੇ ਹੋਏ ਹੋਣਗੇ। ਲਰਨਿੰਗ ਐਗਰੀਮੈਂਟ ਉੱਤੇ ਦਿੱਤੇ ਗਏ ਬਿਆਨ ਤੁਹਾਡੇ ਅਤੇ ਕੌਲਿਜ ਵਿਚਕਾਰ ਇੱਕ ਸਮਝੌਤੇ ਦਾ ਆਧਾਰ ਬਣਦੇ ਹਨ। ਇਸ ਸਮਝੌਤੇ ਵਿੱਚ ਦੱਸਿਆ ਗਿਆ ਹੈ ਕਿ ਤੁਸੀਂ ਕੌਲਿਜ ਤੋਂ ਕੀ ਉਮੀਦ ਰੱਖਦੇ ਹੋ ਅਤੇ ਕੌਲਿਜ ਤੁਹਾਥੋਂ ਕੀ ਉਮੀਦ ਰੱਖਦਾ ਹੈ।

**ਕੌਲਿਜ: (The College will):**

1. ਤੁਹਾਨੂੰ ਇੰਡੱਕਸ਼ਨ ਪ੍ਰੋਗਰਾਮ ਰਾਹੀਂ ਆਪਣੇ ਬਾਰੇ ਜਾਣ ਪਛਾਣ ਕਰਾਵੇਗਾ।

2. ਤੁਹਾਡੀ ਸਿੱਖਿਆ ਦੀ ਪੂਰੀ ਯੋਜਨਾ ਤਿਆਰ ਕਰੇਗਾ ਅਤੇ ਇਸ ਦੀ ਸਾਰੀ ਜਾਣਕਾਰੀ ਤੁਹਾਨੂੰ ਦੇਵੇਗਾ, ਜਿਵੇਂ ਕਿ ਹਾਜ਼ਰੀ ਦੀਆਂ ਸ਼ਰਤਾਂ, ਕੋਰਸਵਰਕ ਦੇ ਕੰਮ ਜਮ੍ਹਾ ਕਰਾਉਣ ਵਾਸਤੇ ਤਰੀਕਾਂ, ਤਰੀਕਾਂ ਬਦਲਣ ਦੇ ਤਰੀਕੇ, ਤੁਹਾਡੇ ਜਾਇਜ਼ੇ ਦੀਆਂ ਆਖ਼ਰੀ ਤਰੀਕਾਂ ਅਤੇ ਅਪੀਲ ਕਰਨ ਦੇ ਤਰੀਕੇ।

3. ਤੁਹਾਨੂੰ ਯੋਗ ਅਤੇ ਤਜਰਬੇਕਾਰ ਟੀਚਰ ਦੇਵੇਗਾ ਜਿਹੜੇ ਪੜ੍ਹਾਈ ਦੇ ਸਾਰੇ ਸੈਸ਼ਨ ਪੂਰੇ ਸਮੇਂ ਅਨੁਸਾਰ ਦੇਣਗੇ। ਜੇ ਉਹ ਗੈਰ ਹਾਜ਼ਰ ਹੋਣਗੇ ਤਾਂ ਤੁਹਾਨੂੰ ਸਮੇਂ ਅਨੁਸਾਰ ਇਸ ਦੀ ਜਾਣਕਾਰੀ ਦਿੱਤੀ ਜਾਵੇਗੀ।

4. ਇਹ ਯਕੀਨੀ ਬਣਾਵੇਗਾ ਕਿ ਤੁਹਾਡੇ ਕੋਰਸ ਦੌਰਾਨ ਤੁਹਾਡੀ ਮੱਦਦ ਵਾਸਤੇ ਤੁਹਾਡਾ ਇੱਕ ਨਿੱਜੀ ਟਿਊਟਰ ਹੋਵੇ।

5. ਤੁਹਾਨੂੰ ਵਿਦਿਆਰਥੀਆਂ ਵਾਲੀਆਂ ਸਾਰੀਆਂ ਸਹੂਲਤਾਂ ਦੇਵੇਗਾ ਜਿਨ੍ਹਾਂ ਵਿੱਚ ਸਲਾਹ ਅਤੇ ਮਸ਼ਵਰਾ, ਸਿਖਲਾਈ ਵਾਸਤੇ ਉਤਸ਼ਾਹ, ਬੋੱਲੀ ਸੁਧਾਰਨ ਲਈ ਸਹਾਇਤਾ, ਕੰਮਕਾਰ ਲਈ ਸਲਾਹ ਅਤੇ ਸਟੂਡੈਂਟ ਯੂਨੀਅਨ ਦੀ ਸਹੂਲਤ ਵਰਗੀਆਂ ਚੀਜ਼ਾਂ ਸ਼ਾਮਲ ਹੋਣਗੀਆਂ।

6. ਤੁਹਾਡੀ ਪੜ੍ਹਾਈ ਦੀ ਤਰੱਕੀ ਬਾਰੇ ਤੁਹਾਨੂੰ ਦੱਸੇਗਾ ਅਤੇ ਤੁਹਾਡੀਆਂ ਪ੍ਰਾਪਤੀਆਂ ਦੇ ਸਬੂਤ ਪੇਸ਼ ਕਰੇਗਾ।

7. ਜੇ ਕੋਈ ਕਲਾਸ ਬੰਦ ਕਰਨੀ ਪਵੇ ਤਾਂ ਤੁਹਾਡਾ ਕੋਰਸ ਪੂਰਾ ਕਰਨ ਲਈ ਤੁਹਾਨੂੰ ਕਿਸੇ ਦੂਸਰੇ ਗਰੁੱਪ ਵਿੱਚ ਸ਼ਾਮਲ ਕਰਕੇ, ਤੁਹਾਨੂੰ ਕਿਸੇ ਦੂਸਰੇ ਕੌਲਿਜ ਵਿੱਚ ਭੇਜ ਕੇ, ਜਾਂ ਓਪਨ ਲਰਨਿੰਗ ਪ੍ਰੋਗਰਾਮ ਰਾਹੀਂ ਯਕੀਨੀ ਤੌਰ 'ਤੇ ਤੁਹਾਡਾ ਕੋਰਸ ਪੂਰਾ ਕਰੇਗਾ।

8. ਸਾਡੇ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਤੁਹਾਨੂੰ ਆਪਣੇ ਵਿਚਾਰ ਪੇਸ਼ ਕਰਨ ਦੇ ਪੂਰੇ ਮੌਕੇ ਦੇਵੇਗਾ, ਅਤੇ ਤੁਹਾਡੇ ਸੁਝਾਵਾਂ, ਫ਼ਿਕਰਾਂ ਅਤੇ ਸ਼ਿਕਾਇਤਾਂ ਬਾਰੇ ਕੀਤੀ ਗਈ ਕਿਸੇ ਵੀ ਕਾਰਵਾਈ ਬਾਰੇ ਤੁਹਾਨੂੰ ਦੱਸੇਗਾ।

9. ਤੁਹਾਡੇ ਵਲੋਂ ਜਮ੍ਹਾ ਕਰਾਏ ਗਏ ਕੋਰਸਵਰਕ ਦੇ ਨੰਬਰ ਲਾਉਣ ਤੋਂ ਬਾਅਦ ਮਿਥੇ ਗਏ ਸਮੇਂ ਅਨੁਸਾਰ ਤੁਹਾਨੂੰ ਕੋਰਸਵਰਕ ਵਾਪਸ ਕਰੇਗਾ।

10. ਤੁਹਾਡੀ ਤਰੱਕੀ ਬਾਰੇ ਸਲਾਹ ਦੇਵੇਗਾ।

**ਚੀਫ਼ ਐਗਜ਼ੈਕਟਿਵ, ਸਿਟੀ ਕੌਲਿਜ, ਬਰਮਿੰਘਮ**

**ਅਸੀਂ ਤੁਹਾਨੂੰ ਕਹਿੰਦੇ ਹਾਂ ਕਿ ਤੁਸੀਂ: (We ask you to):**

1. ਸਾਰੇ ਸੈਸ਼ਨਾਂ ਵਿੱਚ ਸਮੇਂ ਸਿਰ ਹਾਜ਼ਰ ਹੋਵੋ ਜਾਂ ਲੇਟ ਹੋਣ ਅਤੇ ਗੈਰ ਹਾਜ਼ਰ ਹੋਣ ਦੇ ਕਾਰਨ ਦੱਸੋ।

2. ਪੜ੍ਹਾਈ ਅਤੇ ਸਿਖਲਾਈ ਦੀਆਂ ਥਾਵਾਂ ਵਿੱਚ ਆਪਣੇ ਮੋਬਾਈਲ ਫ਼ੋਨ ਬੰਦ ਰੱਖੋ।

3. ਕਲਾਸ ਵਿੱਚ ਜ਼ਿੰਮੇਵਾਰੀ ਨਾਲ ਪੇਸ਼ ਆਓ, ਇਸ ਗੱਲ ਦਾ ਖਿਆਲ ਰੱਖੋ ਕਿ ਦੂਸਰੇ ਲੋਕਾਂ ਦੀ ਸਿਖਲਾਈ ਵਿੱਚ ਵਿਘਨ ਨਾ ਪਵੇ, ਆਪਣੇ ਟਿਊਟਰਾਂ ਅਤੇ ਬਾਕੀ ਵਿਦਿਆਰਥੀਆਂ ਨਾਲ ਸਦਾ ਹੀ ਇੱਜ਼ਤ ਅਤੇ ਹਲੀਮੀ ਨਾਲ ਪੇਸ਼ ਆਓ।

4. ਕੋਰਸਵਰਕ ਦੀਆਂ ਸਾਰੀਆਂ ਅਸਾਈਨਮੈਂਟਾਂ ਦਿੱਤੇ ਗਏ ਸਮੇਂ ਅਨੁਸਾਰ ਪੂਰੀਆਂ ਕਰਕੇ ਜਮ੍ਹਾ ਕਰਾਓ ਜੇ ਸਮੇਂ ਸਿਰ ਨਾ ਪੂਰੀਆਂ ਹੋ ਸਕਣ ਤਾਂ ਤਰੀਕਾਂ ਅੱਗੇ ਕਰਨ ਲਈ ਟੀਚਰਾਂ ਨਾਲ ਸਮਝੌਤਾ ਕਰੋ।

5. ਕੇਵਲ ਆਪਣਾ ਕੀਤਾ ਹੋਇਆ ਕੰਮ ਹੀ ਜਮ੍ਹਾ ਕਰਾਓ। ਕਿਸੇ ਹੋਰ ਦੇ ਆਪਣੇ ਨਾਂ ਜਮ੍ਹਾ ਕਰਾਏ ਗਏ ਕੰਮ, ਜਾਂ ਕਿਸੇ ਹੋਰ ਨੂੰ ਆਪਣਾ ਕੰਮ ਦੇਣ ਨਾਲ ਤੁਹਾਡੇ ਵਿਰੁੱਧ ਅਨੁਸਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ।

6. ਆਪਣੀ ਸਿਖਲਾਈ ਲਈ ਆਪਣੀ ਪੂਰੀ ਜ਼ਿੰਮੇਵਾਰੀ ਸਮਝੋ ਅਤੇ ਪਤਾ ਕਰੋ ਕਿ ਆਪਣਾ ਕੋਰਸ ਕਰਦੇ ਹੋਏ ਤੁਹਾਡੇ ਕੋਲੋਂ ਕੀ ਉਮੀਦ ਰੱਖੀ ਜਾ ਸਕਦੀ ਹੈ।

7. ਆਪਣੇ ਨਿੱਜੀ ਟਿਊਟਰ ਨਾਲ ਆਪਣੇ ਕੋਰਸ ਦੀ ਤਰੱਕੀ ਬਾਰੇ ਗੱਲਬਾਤ ਕਰਦੇ ਰਹੋ।

8. ਕੌਲਿਜ ਤੋਂ ਉਧਾਰੀ ਲਈ ਹੋਈ ਕੋਈ ਵੀ ਚੀਜ਼ ਸਮੇਂ ਸਿਰ ਵਾਪਸ ਕਰੋ।

9. ਜੇ ਤੁਸੀਂ ਕੋਰਸ ਛੱਡਣਾ ਚਾਹੁੰਦੇ ਹੋਵੋਂ, ਜਾਂ ਤੁਹਾਡਾ ਪਤਾ, ਨੌਕਰੀ, ਜਾਂ ਬੈਨਿਫ਼ਿਟਾਂ ਵਿੱਚ ਕੋਈ ਤਬਦੀਲੀ ਆਈ ਹੋਵੇ ਤਾਂ ਕਿਰਪਾ ਕਰਕੇ ਆਪਣੇ ਨਿੱਜੀ ਟਿਊਟਰ ਨੂੰ ਦੱਸੋ।

10. ਆਪਣੇ ਇਮਿਤਿਹਾਨਾਂ ਅਤੇ ਅਸੈੱਸਮੈਂਟਾਂ ਦੀਆਂ ਤਰੀਕਾਂ ਅਤੇ ਸਮਿਆਂ ਬਾਰੇ ਪਤਾ ਕਰਨ ਲਈ, ਇਮਿਤਿਹਾਨਾਂ ਲਈ ਦਾਖ਼ਲੇ ਭੇਜਣ, ਫ਼ੀਸਾਂ ਦਾ ਪ੍ਰਬੰਧ ਕਰਨ ਦੀ ਆਪਣੀ ਜ਼ਿੰਮੇਵਾਰੀ ਸਮਝੋ ਅਤੇ ਇਮਿਤਿਹਾਨਾਂ ਅਤੇ ਅਸੈੱਸਮੈਂਟਾਂ ਦੇ ਸਾਰੇ ਨਿਯਮਾਂ ਦਾ ਪਾਲਣ ਕਰੋ।

11. ਕੌਲਿਜ ਦੀ ਇੰਟਰਨੈੱਟ ਅਤੇ ਨੈੱਟਵਰਕ ਵਰਤਣ ਲਈ ਬਣਾਈ ਗਈ ਨੀਤੀ ਉੱਤੇ ਚੱਲੋ।

12. ਕੌਲਿਜ ਦੇ ਸਾਰੇ ਨਿਯਮਾਂ (ਕੌਲਿਜ ਕੋਡ) ਦਾ ਪਾਲਣ ਕਰੋ।

ਜੇ ਤੁਸੀਂ ਲਰਨਿੰਗ ਐਗਰੀਮੈਂਟ ਜਾਂ ਕੌਲਿਜ ਕੋਡ ਦੀ ਉਲੰਘਣਾ ਕਰਦੇ ਹੋ ਤਾਂ ਤੁਹਾਡੇ ਵਿਰੁੱਧ ਅਨੁਸਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ। ਤੁਹਾਨੂੰ ਆਪਣਾ ਪੱਖ ਪੇਸ਼ ਕਰਨ ਦਾ ਹੱਕ ਹੈ। ਤੁਸੀਂ ਆਪਣੇ ਵਿਰੁੱਧ ਕੀਤੇ ਗਏ ਅਨੁਸਾਸ਼ਨੀ ਫ਼ੈਸਲੇ ਬਾਰੇ ਅਪੀਲ ਵੀ ਕਰ ਸਕਦੇ ਹੋ।

**ਕੌਲਿਜ ਕੋਡ (COLLEGE CODE)**

ਜਦੋਂ ਤੁਸੀਂ ਕੌਲਿਜ ਵਿੱਚ ਦਾਖ਼ਲਾ ਲੈ ਲਵੋਂ ਤਾਂ ਤੁਹਾਡੇ ਪਾਸੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਤੁਸੀਂ ਅਜਿਹੇ ਮਹੌਲ ਨੂੰ ਕਾਇਮ ਕਰਨ ਵਿੱਚ ਆਪਣੀ ਜ਼ਿੰਮੇਵਾਰੀ ਸਾਂਝੀ ਕਰੋ ਜਿਸ ਵਿੱਚ ਸਾਰੇ ਲੋਕ ਸਿੱਖਲਾਈ ਲੈ ਸਕਣ ਅਤੇ ਕੌਲਿਜ ਦੇ ਸਮਾਜੀ ਜੀਵਨ ਦਾ ਆਨੰਦ ਲੈ ਸਕਣ। ਸਾਡੇ ਕੌਲਿਜ ਕੋਡ ਅਨੁਸਾਰ ਸਮਾਜੀ ਵਰਤਾਓ ਲਈ ਬੜੇ ਸਧਾਰਨ ਰੂਲ ਤਿਆਰ ਕੀਤੇ ਗਏ ਹਨ ਜਿਨ੍ਹਾਂ ਦਾ ਤੁਹਾਨੂੰ ਪਾਲਣ ਕਰਨਾ ਚਾਹੀਦਾ ਹੈ।

1. ਤੁਹਾਡੇ ਵਾਸਤੇ ਕੌਲਿਜ ਵਿੱਚ ਦੂਸਰੇ ਲੋਕਾਂ ਦਾ, ਉਨ੍ਹਾਂ ਦੀ ਨਸਲ, ਧਰਮ, ਲਿੰਗ, ਕਾਮੁਕ ਰੁਝਾਨ, ਉਨ੍ਹਾਂ ਦੀ ਯੋਗਤਾ, ਉਮਰ ਅਤੇ ਸਮਾਜੀ ਪਿਛੋਕੜ ਦਾ ਖਿਆਲ ਰੱਖਣਾ ਅਤੇ ਇੱਜ਼ਤ ਕਰਨਾ ਲਾਜ਼ਮੀ ਹੈ।
2. ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਕਿਸੇ ਨੂੰ ਤੰਗ ਨਾ ਕਰੋਂ, ਖ਼ਾਸ ਕਰਕੇ ਉਨ੍ਹਾਂ ਦੇ ਰੰਗ, ਨਸਲ, ਕਾਮ ਵਾਸਨਾ, ਰਹਿਣੀ ਬਹਿਣੀ, ਰੁਤਬੇ, ਜਾਂ ਯੋਗਤਾ ਦੇ ਆਧਾਰ 'ਤੇ। ਲੋਕਾਂ ਨੂੰ ਤੰਗ ਕਰਨ ਵਿੱਚ ਕਿਸੇ ਲਈ ਬੇਇਜ਼ਤੀ ਵਾਲੇ ਸ਼ਬਦ ਵਰਤਣਾ, ਕਿਸੇ ਨਾਲ ਘਟੀਆ ਵਰਤਾਓ ਕਰਨਾ, ਘਟੀਆ ਬੋੱਲੀ ਦੀ ਵਰਤੋਂ, ਮਖੌਲ ਕਰਨਾ, ਘਟੀਆ ਚੁਟਕਲੇ ਸੁਣਾਉਣਾ, ਬੁਰਾ ਭਲਾ ਲਿਖਣਾ, ਧਮਕੀਆਂ ਦੇਣਾ ਅਤੇ ਕਿਸੇ ਵੱਲ ਬਿਨਾ ਕਾਰਨ ਹੱਦੋਂ ਵੱਧ ਧਿਆਨ ਦੇਣਾ ਵਰਗੀਆਂ ਗੱਲਾਂ ਸ਼ਾਮਲ ਹੋ ਸਕਦੀਆਂ ਹਨ।
3. ਤੁਹਾਨੂੰ ਕਿਸੇ ਉੱਤੇ ਧੌਂਸ ਨਹੀਂ ਜਮਾਉਣੀ ਚਾਹੀਦੀ ਅਤੇ ਨਾ ਹੀ ਧਮਕੀ ਦੇਣਾ, ਛੇੜਨਾ ਜਾਂ ਗਾਲੀ ਗਲੋਚ ਕਰਨਾ ਜਾਂ ਹਿੰਸਾ ਵਰਤਣੀ ਚਾਹੀਦੀ ਹੈ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਕਦੀ ਵੀ ਕਿਸੇ ਲੜਾਈ ਜਾਂ ਝਗੜਾਲੂ ਵਰਤਾਓ ਨੂੰ ਸ਼ੁਰੂ ਕਰੋਂ ਜਾਂ ਇਸ ਵਿੱਚ ਸ਼ਾਮਲ ਹੋਵੋਂ। ਤੁਹਾਡੇ ਕੋਲ ਕਦੀ ਵੀ ਅਜਿਹੀ ਚੀਜ਼ ਨਹੀਂ ਹੋਣੀ ਚਾਹੀਦੀ ਜਿਸ ਨੂੰ ਖ਼ਤਰਨਾਕ ਹਥਿਆਰ ਸਮਝਿਆ ਜਾ ਸਕੇ।
4. ਕੌਲਿਜ ਦੀ ਹੱਦਬੰਦੀ ਅੰਦਰ ਜਾਂ ਕੌਲਿਜ ਨਾਲ ਸੰਬੰਧਤ ਕਿਸੇ ਵੀ ਸਰਗਰਮੀ ਸਮੇਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਜੂਆ ਨਾ ਖੇਡੋਂ, ਨਾ ਸ਼ਰਾਬ ਪੀਵੋਂ ਜਾਂ ਰੱਖੋਂ ਜਾਂ ਗੈਰ ਕਾਨੂੰਨੀ ਨਸ਼ਿਆਂ ਦੀ ਵਰਤੋਂ ਕਰੋਂ ਜਾਂ ਉਨ੍ਹਾਂ ਨੂੰ ਵੇਚੋਂ ਖਰੀਦੋਂ। ਜੇ ਸਾਨੂੰ ਸ਼ੱਕ ਹੋ ਜਾਵੇ ਕਿ ਤੁਸੀਂ ਸ਼ਰਾਬ ਪੀਤੀ ਹੋਈ ਹੈ ਜਾਂ ਕੋਈ ਨਸ਼ਾ ਵਰਤਿਆ ਹੋਇਆ ਹੈ ਤਾਂ ਅਸੀਂ ਤੁਹਾਨੂੰ ਕੌਲਿਜ ਤੋਂ ਬਾਹਰ ਨਿਕਲ ਜਾਣ ਲਈ ਕਹਾਂਗੇ।
5. ਤੁਹਾਨੂੰ ਕਿਸੇ ਦੇ ਦਸਖ਼ਤਾਂ ਦੀ ਨਕਲ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਧੋਖੇ ਨਾਲ ਲਏ ਗਏ ਪੈਸਿਆਂ ਜਾਂ ਭੱਤਿਆਂ ਦਾ ਮਾਮਲਾ ਪੁਲੀਸ ਦੇ ਸਪੁਰਦ ਕੀਤਾ ਜਾ ਸਕਦਾ ਹੈ।
6. ਤੁਹਾਨੂੰ ਕੌਲਿਜ ਦੀ ਜਾਇਦਾਦ ਅਤੇ ਦੂਸਰੇ ਲੋਕਾਂ ਦੀਆਂ ਚੀਜ਼ਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਕਿਸੇ ਵੀ ਕਿਸਮ ਦੀ ਚੋਰੀ, ਚੋਰੀ ਦੀ ਕੋਸ਼ਿਸ਼, ਭੰਨਤੋੜ, ਕੰਧਾਂ ਕਾਗਜ਼ੀਆਂ ਜਾਂ ਇਤਰਾਜ਼ ਯੋਗ ਇਸ਼ਤਿਹਾਰ ਲਾਉਣ ਕਾਰਨ ਅਨੁਸਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ।
7. ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਜਦੋਂ ਕਲਾਸਾਂ, ਵਰਕਸ਼ੌਪਾਂ, ਵਰਾਂਡਿਆਂ, ਕੈਫ਼ੇਟੀਰੀਆ, ਦਫ਼ਤਰਾਂ, ਰੀਸੈੱਪਸ਼ਨ ਅਤੇ ਕਾਰ ਪਾਰਕਾਂ ਦੇ ਇਲਾਕਿਆਂ ਵਿੱਚ ਹੋਵੋਂ ਤਾਂ ਅਨੁਸਾਸ਼ਨ ਵਿੱਚ ਰਹੋਂ ਅਤੇ ਰੌਲਾ ਰੱਪਾ ਨਾ ਪਾਵੋਂ।
8. ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਢੁਕਵੀਆਂ ਥਾਵਾਂ 'ਤੇ ਹੀ ਖਾਓ, ਪੀਓ ਅਤੇ ਸਿਗਰਟ ਨੋਸ਼ੀ ਕਰੋ। ਕਲਾਸ ਰੂਮਾਂ ਜਾਂ ਵਰਕਸ਼ੌਪਾਂ ਵਿੱਚ ਖਾਣਾ ਪੀਣਾ ਮਨ੍ਹਾ ਹੈ ਅਤੇ ਵਰਾਂਡਿਆਂ ਵਿੱਚ ਪੀਣ ਵਾਲੀਆਂ ਚੀਜ਼ਾਂ ਲੈ ਕੇ ਜਾਣ ਦੀ ਮਨਾਹੀ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਸੱਟ ਫ਼ੇਟ ਦਾ ਖ਼ਤਰਾ ਹੈ। ਕੇਵਲ ਨਿਰਧਾਰਤ

ਥਾਵਾਂ 'ਤੇ ਤੁਹਾਨੂੰ ਸਿਗਰਟ ਨੋਸ਼ੀ ਕਰਨੀ ਚਾਹੀਦੀ ਹੈ। ਥੁੱਕਣ ਨਾਲ ਵੀ ਸੱਟ ਫ਼ੇਟ ਅਤੇ ਸਿਹਤ ਸੰਬੰਧੀ ਖ਼ਤਰਾ ਹੈ, ਇਸ ਲਈ ਇੱਥੇ ਥੁੱਕਣ ਦੀ ਵੀ ਮਨਾਹੀ ਹੈ।

9. ਤੁਹਾਨੂੰ ਆਪਣਾ ਖਿਆਲ ਰੱਖਣਾ ਚਾਹੀਦਾ ਹੈ ਅਤੇ ਹਰ ਕੰਮ ਸਦਾ ਹੀ ਬਚ ਕੇ ਕਰਨਾ ਚਾਹੀਦਾ ਹੈ ਤਾਂਕਿ ਤੁਸੀਂ ਆਪਣੇ ਆਪ ਨੂੰ ਅਤੇ ਕਿਸੇ ਹੋਰ ਨੂੰ ਖ਼ਤਰੇ ਵਿੱਚ ਨਾ ਪਾਵੋਂ। ਜੇ ਤੁਹਾਡੇ ਕੰਮ ਜਾਂ ਸਿਖਲਾਈ ਵਾਲੀ ਥਾਂ ਵਿੱਚ ਬਚਾਓ ਸੰਬੰਧੀ ਕਿਸੇ ਖ਼ਾਸ ਚੀਜ਼ ਦਾ ਧਿਆਨ ਰੱਖਣ ਦੀ ਲੋੜ ਹੋਵੇ ਤਾਂ ਜ਼ਰੂਰ ਉਨ੍ਹਾਂ ਦਾ ਧਿਆਨ ਰੱਖੋ।

10. ਆਪਣੇ ਸ਼ਨਾਖ਼ਤੀ ਕਾਰਡ ਨੂੰ ਸਦਾ ਹੀ ਆਪਣੇ ਕੋਲ ਰੱਖ ਕੇ ਕੌਲਿਜ ਦੀ ਸਕਿਉਰਿਟੀ ਸਰਵਿਸ ਦੀ ਮੱਦਦ ਕਰੋ।

11. ਸਾਡੇ ਕਿਸੇ ਵੀ ਕੰਪਿਊਟਰ ਸਿਸਟਮ ਉੱਤੇ ਆਪਣਾ ਜਾਂ ਗੈਰ ਕਾਨੂੰਨੀ ਸੌਫ਼ਟਵੇਅਰ ਨਾ ਵਰਤੋ। ਕੌਲਿਜ ਦੇ ਜਾਂ ਇਸ ਵਲੋਂ ਵਰਤੇ ਜਾਂਦੇ ਕਿਸੇ ਵੀ ਸੌਫ਼ਟਵੇਅਰ, ਹਾਰਡਵੇਅਰ ਜਾਂ ਜਾਣਕਾਰੀ ਨਾਲ ਤੁਹਾਨੂੰ ਕਿਸੇ ਕਿਸਮ ਦੀ ਛੇੜਖਾਨੀ ਨਹੀਂ ਕਰਨੀ ਚਾਹੀਦੀ।

12. ਤੁਹਾਨੂੰ ਆਪਣੇ ਮੋਬਾਈਲ ਫ਼ੋਨ ਇਮਿਤਿਹਾਨ ਵਿੱਚ ਨਹੀਂ ਲਿਜਾਣੇ ਚਾਹੀਦੇ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਉਸੇ ਵੇਲੇ ਇਮਿਤਿਹਾਨ ਵਿੱਚ ਬੈਠਣ ਦੇ ਨਾ ਕਾਬਲ ਕਰਾਰ ਦੇ ਦਿੱਤਾ ਜਾਵੇਗਾ।

**ਜ਼ਰੂਰੀ ਗੱਲ (IMPORTANT)**

ਕਿਸੇ ਵੀ ਕਿਸਮ ਦਾ ਲੜਾਈ ਝਗੜਾ, ਜਾਂ ਧੱਕੇਸ਼ਾਹੀ, ਕਿਸੇ ਵੀ ਗੈਰ ਕਾਨੂੰਨੀ ਕੰਮ ਵਿੱਚ ਹਿੱਸਾ ਲੈਣਾ ਜਾਂ ਕਿਸੇ ਹੋਰ ਸਰਗਰਮੀ ਵਿੱਚ ਹਿੱਸਾ ਲੈਣਾ ਜਿਸ ਦਾ ਕੌਲਿਜ ਉੱਤੇ ਬੁਰਾ ਅਸਰ ਪਵੇ ਜਾਂ ਕੌਲਿਜ ਨੂੰ ਕਿਸੇ ਝਗੜੇ ਵਿੱਚ ਪਾ ਦੇਵੇ, ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਇਸ ਦੇ ਸਿੱਟੇ ਵਜੋਂ ਤੁਹਾਨੂੰ ਉਸੇ ਵੇਲੇ ਕੌਲਿਜ ਦੀ ਮੈਨੇਜਮੈਂਟ ਦੇ ਕਿਸੇ ਵੀ ਮੈਂਬਰ ਵਲੋਂ ਸਸਪੈਂਡ ਕੀਤਾ ਜਾ ਸਕਦਾ ਹੈ।

ਯਾਦ ਰੱਖੋ ਕਿ ਕੌਲਿਜ ਕੋਡ ਸਾਰੇ ਲੋਕਾਂ ਦੀ ਸੁਰੱਖਿਆ ਵਾਸਤੇ ਹੈ। ਜੇ ਤੁਸੀਂ ਕਿਸੇ ਵੀ ਰੂਲ ਨੂੰ ਤੋੜਦੇ ਹੋ ਤਾਂ ਤੁਹਾਡੇ ਉੱਤੇ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ। ਤੁਹਾਨੂੰ ਸਸਪੈਂਡ ਕੀਤਾ ਜਾ ਸਕਦਾ ਹੈ, ਜਾਂ ਕੌਲਿਜ ਤੋਂ ਕੱਢਿਆ ਜਾ ਸਕਦਾ ਹੈ। ਤੁਹਾਨੂੰ ਆਪਣੀ ਸਫ਼ਾਈ ਪੇਸ਼ ਕਰਨ ਦਾ ਹੱਕ ਹੈ। ਤੁਸੀਂ ਆਪਣੇ ਉੱਤੇ ਕੀਤੀ ਗਈ ਅਨੁਸਾਸ਼ਨੀ ਕਾਰਵਾਈ ਵਿਰੁੱਧ ਅਪੀਲ ਵੀ ਕਰ ਸਕਦੇ ਹੋ।

**ਚੀਫ਼ ਐਗਜ਼ੈਕਟਿਵ, ਸਿਟੀ ਕੌਲਿਜ, ਬਰਮਿੰਘਮ**

ਮੈਨੂੰ ਸਿਟੀ ਕੌਲਿਜ ਦੇ ਸਾਰੇ ਨਿਯਮ ਸਮਝ ਆ ਗਏ ਹਨ ਅਤੇ ਮੈਂ ਉਨ੍ਹਾਂ ਦੇ ਪਾਲਣ ਕਰਨ ਲਈ ਸਹਿਮਤ ਹਾਂ। ਮੈਨੂੰ ਪਤਾ ਹੈ ਕਿ ਜੇ ਮੈਂ ਇਨ੍ਹਾਂ ਨੂੰ ਤੋੜਿਆ ਤਾਂ ਕੌਲਿਜ ਮੇਰੇ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰ ਸਕਦਾ ਹੈ।

**X Student Signature: ………………………………… Date: …………………**